# ਵਿਸ਼ੇਸ਼ਣ / Adjective

ਕਿਸੇ ਵਸਤੂ ਦੇ **ਗੁਣ** ਜਾਂ **ਔਗਣ**, **ਗਿਣਤੀ** ਜਾਂ **ਮਿਣਤੀ** ਦਸ ਕੇ ਉਸ ਨੂੰ **ਆਮ ਨਾਲੋਂ ਖਾਸ ਬਣਾਵੇ, ਉਸ ਸ਼ਬਦ** ਨੂੰ ਵਿਸ਼ੇਸ਼ਣ ਕਹਿੰਦੇ ਹਨ।

- ਜਿਵੇਂ:- **ਦਲੇਰ ਮੁੰਡਾ, ਖੱਟੀ ਲੱਸੀ, ਤੀਜੀ ਕਿਤਾਬ, ਠੰਡਾ ਪਾਣੀ, ਸੂਹਣਾ ਫੁੱਲ,** ਆਦਿ ਵਿੱਚ ਦਲੇਰ, ਖੱਟੀ, ਤੀਜੀ, ਠੰਡਾ, ਸੂਹਣਾ, **ਵਿਸ਼ੇਸ਼ਣ** ਹਨ।

PUNJAB
EXAMS
JUNCTION

# ਵਿਸ਼ੇਸ਼ਣ ਪੰਜ ਪ੍ਰਕਾਰ ਦੇ ਹੁੰਦੇ ਹਨ:-

- ਗੁਣ ਵਾਚਕ ਵਿਸ਼ੇਸ਼ਣ (Adjective of quality)
- ਗਿਣਤੀ ਵਾਚਕ ਵਿਸ਼ੇਸ਼ਣ (Adjective of Numeral)
- ਮਿਣਤੀ ਵਾਚਕ ਵਿਸ਼ੇਸ਼ਣ (Adjective of Quantity)
- ਨਿਸਚੇ ਵਾਚਕ ਵਿਸ਼ੇਸ਼ਣ (Adjective of Demonstration)
- ਪੜਨਾਂਵੀ ਵਿਸ਼ੇਸ਼ਣ (Adjective of Pronominal)

# ਗੁਣ ਵਾਚਕ ਵਿਸ਼ੇਸ਼ਣ

- ਜਿਹੜੇ ਵਿਸ਼ੇਸ਼ਣ ਕਿਸੇ ਵਿਸ਼ੇਸ਼ ਦੇ ਗੁਣ, ਔਗਣ ਦੱਸਣ, ਉਹਨਾਂ ਨੂੰ **ਗੁਣ ਵਾਚਕ ਵਿਸ਼ੇਸ਼ਣ** ਆਖਦੇ ਹਨ; ਜਿਵੇਂ:-
  ਸੁੰਦਰ, ਲਾਲ, ਪਤਲਾ, ਸੜੀਅਲ, ਮੋਟਾ, ਸੱਚਾ, ਝੂਠਾ, ਆਦਿ।
- ਉਦਾਹਰਨ:-
- ਬਗੀਚਾ ਬੜਾ ਸੁੰਦਰ ਹੈ। ਇਸ ਵਿੱਚ ਬਗੀਚੇ ਦਾ ਗੁਣ ਦੱਸਿਆ ਹੈ ਕਿ ਇਹ ਬੜਾ ਸੁੰਦਰ ਹੈ।

PUNJAB
EXAMS
JUNCTION

# ਗਿਣਤੀ ਵਾਚਕ ਵਿਸ਼ੇਸ਼ਣ

- ਵਿਸ਼ੇਸ਼ਾਂ ਦੀ ਗਿਣਤੀ ਜਾਂ ਦਰਜਾ ਪ੍ਰਗਟ ਕਰਨ ਵਾਲੇ ਵਿਸ਼ੇਸ਼ਣਾਂ ਨੂੰ **ਗਿਣਤੀ ਜਾਂ ਸੰਖਿਆ ਵਾਚਕ ਵਿਸ਼ੇਸ਼ਣ** ਆਖਦੇ ਹਨ; ਜਿਵੇਂ:-
  ਚਾਰ, ਸਤ, ਪਹਿਲਾ, ਚੌਥਾ, ਥੋੜ੍ਹੇ, ਬਹੁਤੇ ਆਦਿ।

# ਮਿਣਤੀ ਵਾਚਕ ਵਿਸ਼ੇਸ਼ਣ

ਜਿਹੜੇ ਵਿਸ਼ੇਸ਼ਣ ਆਪਣੇ ਵਿਸ਼ੇਸ਼ਾਂ ਦੀ ਮਿਣਤੀ ਜਾਂ ਨਾਪ-ਤੋਲ ਦਸਦੇ ਹਨ, ਉਹਨਾਂ ਨੂੰ **ਮਿਣਤੀ ਵਾਚਕ ਵਿਸ਼ੇਸ਼ਣ ਜਾਂ ਪਰਮਾਣ ਵਾਚਕ ਵਿਸ਼ੇਸ਼ਣ** ਆਖਦੇ ਹਨ; ਜਿਵੇਂ:-

ਬਹੁਤਾ, ਚੋਖਾ, ਮੁੱਠੀ ਭਰ, ਕਿਲੋ ਕੁ ਆਦਿ।

# ਨਿਸਚੇ ਵਾਚਕ ਵਿਸ਼ੇਸ਼ਣ

ਜਿਹੜੇ ਵਿਸ਼ੇਸ਼ਣ ਕਿਸੇ ਇਸ਼ਾਰੇ ਨਾਲ ਆਪਣੇ ਵਿਸ਼ੇਸ਼ਾਂ ਨੂੰ ਆਮ ਤੋਂ ਖਾਸ ਬਣਾਉਂਦੇ ਹਨ, ਉਹਨਾਂ ਨੂੰ **ਨਿਸਚੇ ਵਾਚਕ ਵਿਸ਼ੇਸ਼ਣ** ਕਹਿੰਦੇ ਹਨ; ਜਿਵੇਂ:-

ਇਹ, ਉਹ, ਉਹਨਾਂ ਆਦਿ।

# <u>ਪੜਨਾਂਵੀ ਵਿਸ਼ੇਸ਼ਣ</u>

- ਜਿਹੜੇ ਸ਼ਬਦ ਪੜਨਾਂਵ ਹੋਣ ਅਤੇ ਨਾਵਾਂ ਨਾਲ ਆ ਕੇ ਵਿਸ਼ੇਸ਼ਣ ਦਾ ਕੰਮ ਕਰਨ, ਉਹ ਸ਼ਬਦ (ਪੜਨਾਂਵ) **ਪੜਨਾਂਵੀ ਵਿਸ਼ੇਸ਼ਣ** ਅਖਵਾਉਂਦੇ ਹਨ; ਜਿਵੇਂ:- ਮੇਰਾ ਮਿੱਤਰ, ਤੇਰਾ ਸਾਥੀ, ਕਿਹੜਾ ਅਫ਼ਸਰ,
ਵਿੱਚ ਮੇਰਾ, ਤੇਰਾ, ਕਿਹੜਾ ਆਦਿ **ਪੜਨਾਂਵੀਂ ਵਿਸ਼ੇਸ਼ਣ** ਹਨ, ਜਿਥੇ ਮਿੱਤਰ, ਸਾਥੀ, ਅਫ਼ਸਰ, ਨਾਂਵ ਹਨ।

PUNJAB